ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਕਮ
ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ
ਐਸ.ਸੀ.ਓ 104-106 ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ 0172-2623207,2620106 ਫੈਕਸ ਨੰ: 0172-2624687 ਈ-ਮੇਲssapunjab@yahoo.co

ਸੇਵਾ ਵਿਖੇ,

ਰਾਜ ਦੇ ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਅਤੇ (ਐ:ਸਿ)

ਮੀਮੋ ਨੰ: ਸਸਅ/ਐਡਮਨ/2010/62983
ਮਿਤੀ 26.10.10

**ਵਿਸ਼ਾ :-** **ਸਰਵ ਸਿੱਖਿਆ ਅਭਿਆਨ /ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਦੇ ਕਰਮਚਾਰੀਆਂ ਨੂੰ ਉਚੇਰੀ ਵਿੱਦਿਆ ਦੀ ਆਗਿਆ ਦੇਣ ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2.0 ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਸਰਵ ਸਿੱਖਿਆ ਅਭਿਆਨ/ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਕੰਮ ਕਰਦੇ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਉਚੇਰੀ ਵਿੱਦਿਆ ਬਾਰੇ ਆਗਿਆ ਦੇਣ ਸੰਬੰਧੀ ਬਿਨੈ-ਪੱਤਰਾਂ ਦਾ ਨਿਪਟਾਰਾ ਜ਼ਿਲਾ ਸਿੱਖਿਆ ਅਫਸਰ (ਐ:ਸ) ਅਤੇ (ਸੈ:ਸਿ) ਵੱਲੋਂ ਆਪਣੇ ਪੱਧਰ ਤੇ ਵਿਚਾਰ ਕਰਦੇ ਹੋਏ ਕੀਤਾ ਜਾਇਆ ਕਰੇ ਅਤੇ ਬਿਨੈਕਾਰਾਂ ਨੂੰ ਨਿਮਨਲਿਖਤ ਸ਼ਰਤਾਂ ਨਾਲ ਉਚੇਰੀ ਵਿੱਦਿਆ ਦੀ ਆਗਿਆ ਦੇ ਦਿੱਤੀ ਜਾਇਆ ਕਰੇ :-

1) ਉਨ੍ਹਾਂ ਨੂੰ ਕੇਵਲ ਇਮਤਿਹਾਨ ਦੇ ਦਿਨਾਂ ਦੀ ਛੁੱਟੀ ਦਿੱਤੀ ਜਾਵੇਗੀ।
2) ਡਿਊਟੀ ਛੱਡ ਕੇ ਵਿੱਚੋਂ ਜਾਣ ਦੀ ਆਗਿਆ ਨਹੀਂ ਹੋਵੇਗੀ ; ਅਤੇ
3) ਜੇਕਰ ਇਹ ਮਹਿਸੂਸ ਹੋਇਆ ਕਿ ਇਹ ਅਧਿਆਪਕ/ਕਰਮਚਾਰੀ ਆਪਣੀ ਪੜ੍ਹਾਈ ਕਾਰਨ ਆਪਣੀ ਡਿਊਟੀ ਠੀਕ ਢੰਗ ਨਾਲ ਨਹੀਂ ਕਰ ਰਹੇ ਤਾਂ ਇਹ ਆਗਿਆ ਵਾਪਸ ਲੈ ਲਈ ਜਾਵੇਗੀ।

3.0 ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਲਗਾਏ ਮਿਡਲ ਸਕੂਲਾਂ ਦੇ ਅਧਿਆਪਕਾਂ ਅਤੇ ਆਰ.ਐਮ.ਐਸ.ਏ ਅਤੇ ਐਸ.ਐਸ.ਏ ਪ੍ਰੋਗਰਾਮ ਅਧੀਨ ਲੱਗੇ ਅਪਰ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਉਚੇਰੀ ਵਿੱਦਿਆ ਦੀ ਪ੍ਰਵਾਨਗੀ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਦੇ ਪੱਧਰ ਤੇ ਦਿੱਤੀ ਜਾਵੇਗੀ ਜਦੋਂ ਕਿ ਪ੍ਰਾਇਮਰੀ ਸਕੂਲਾਂ ਵਿੱਚ ਲੱਗੇ ਈ.ਟੀ.ਟੀ. ਅਧਿਆਪਕਾਂ ਨੂੰ ਇਹ ਪ੍ਰਵਾਨਗੀ ਜ਼ਿਲਾ ਸਿੱਖਿਆ ਅਫਸਰ (ਐ:ਸਿ) ਦੁਆਰਾ ਦਿੱਤੀ ਜਾਵੇਗੀ ।

4.0 ਮਹੀਨਾਵਾਰ ਮੀਟਿੰਗਾਂ ਵਿੱਚ ਵੀ ਇਨ੍ਹਾਂ ਕੇਸਾਂ ਨੂੰ ਰੀਵਿਊ ਕੀਤਾ ਜਾਵੇਗਾ। ਸਮੂਹ ਜ਼ਿਲਾ ਸਿੱਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਕੇਸਾਂ ਵਿੱਚ ਲੋੜੀਂਦੀ ਕਾਰਵਾਈ ਕਰਦੇ ਹੋਏ ਸੰਬੰਧਤ ਅਧਿਆਪਕਾਂ ਨੂੰ ਕੀਤਾ ਜਾਇਆ ਕਰੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**